# ਇਕ ਦਹਾਕੇ ਮਗਰੋਂ.....

ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸ਼ਹਾਦਤ ਨੂੰ ਇਕ ਦਹਾਕਾ ਬੀਤ ਗਿਆ ਹੈ। ਪਿਛਲੇ ਸਮੇਂ ਉਨ੍ਹਾਂ ਦੀ ਯਾਦਗਾਰ ਬਣਾਉਣ ਦਾ ਫੈਸਲਾ ਤਾਂ ਲਿਆ ਗਿਆ ਪਰ ਜਿਸ ਕਾਰਜ ਦੀ ਪੂਰਨਤਾ ਲਈ ਉਨ੍ਹਾਂ ਨੇ ਸ਼ਹਾਦਤ ਦਿੱਤੀ ਉਸਦੀ ਜਵਾਬਦੇਹੀ ਦਾ ਫੈਸਲਾ ਕਦੋਂ ਲਿਆ ਜਾਵੇਗਾ। ਜਿਸ ਲਈ ਅਣਗਿਣਤ ਨੌਜਵਾਨ ਸੱਚੇ/ਝੂਠੇ ਮੁਕਾਬਲਿਆਂ ਵਿਚ ਸ਼ਹੀਦ ਹੋਏ। ਅਨੇਕਾਂ ...... ਜੇਲ੍ਹਾਂ ਵਿਚ ਬੰਦ ਹਨ ਜਾਂ ਫਾਂਸੀ ਦੇ ਤਖ਼ਤੇ ’ਤੇ ਝੂਟ ਗਏ। ਉਹ ਕਾਰਜ ਉਨ੍ਹਾਂ ਸ਼ਹੀਦਾਂ ਦੀ ਨਜ਼ਰ ਵਿਚ ਕੀ ਸੀ ? ਕੀ ਇਹ, ਜਿਵੇਂ, ਸਾਡੇ ਵਿਚੋਂ ਬਹੁਤ ਸੋਚਦੇ ਹਨ ਕਿ ਬਦਲਾ ਚੁਕਾਉਣਾ ਜਾਂ ਭਾਜੀ ਮੋੜਨ ਵਾਲੀ ਗੱਲ ਸੀ। ਸਹੀ ਮਾਅਨਿਆਂ ਵਿਚ ਸਿੱਖੀ ਅਨੁਸਾਰ ਕਿਸੇ ਵਿਅਕਤੀ ਵਿਸ਼ੇਸ਼ ਨਾਲ ਦੁਸ਼ਮਣੀ ਨਹੀਂ ਹੋ ਸਕਦੀ। ਦੁਸ਼ਮਣੀ ਦੀ ਐਨਕ ਵਿਚੋਂ ਦੇਖਣਾ ਉਨ੍ਹਾਂ ਦੀ ਸ਼ਹਾਦਤ ਨੂੰ ਛੁਟਿਆਉਣ ਦੇ ਤੁੱਲ ਹੈ। ਉਨ੍ਹਾਂ ਨੇ ਆਪਣੀ ਚਿੱਠੀ ਵਿਚ ਲਿਖਿਆ ਹੈ ਕਿ ਉਨ੍ਹਾਂ ਨੂੰ ਆਪਣੇ ਕੀਤੇ ਕਾਰਜ ’ਤੇ ਕੋਈ ਅਫਸੋਸ ਨਹੀਂ ਕਿਉਂਕਿ ਉਨ੍ਹਾਂ ਦੀ ਜੰਗ ਜ਼ੁਲਮ ਦੇ ਖਿਲਾਫ਼ ਸੀ ਅਤੇ ਇਹ ਕਾਰਜ ਸੱਚ ਰਾਹ ’ਤੇ ਚਲਦਿਆਂ ਕੀਤਾ ਗਿਆ ਸੀ। ਉਹ ਆਪਣੇ ਸਭਿਆਚਾਰ ਅਤੇ ਵਿਰਸੇ ਦੇ ਮਾਣ ਨੂੰ ਕਾਇਮ ਰੱਖਣਾ ਚਾਹੁੰਦੇ ਸਨ। ਰਾਸ਼ਟਰਪਤੀ ਦੇ ਨਾਂ ਚਿੱਠੀ ਵਿਚੋਂ ਇਹ ਸਤਰਾਂ ਧਿਆਨਯੋਗ ਹਨ-ਤੁਸੀਂ ਸਾਡੀ ਮਾਨਸਿਕ ਅਵਸਥਾ ਹੀ ਐਸੀ ਬਣਾ ਦੇਣਾ ਚਾਹੁੰਦੇ ਹੋ ਕਿ ਅਸੀਂ ਆਪਣੇ ਆਪ ਵਲੋਂ, ਆਪਣੀ ਬੋਲੀ ਵਲੋਂ, ਆਪਣੇ ਕਲਚਰ ਵਲੋਂ, ਆਪਣੇ ਸ਼ਾਨਾ-ਮੱਤੇ ਇਤਿਹਾਸ ਵਲੋਂ, ਗੱਲ ਕੀ ਆਪਣੇ ਸਭ ਕੁਝ ਵਲੋਂ ਆਪਣੇ ਆਪ ਸ਼ਰਮਸਾਰ ਹੋਣ ਲੱਗ ਪਈਏ, ਤੁਸੀਂ ਸਾਨੂੰ ਅੰਦਰੋਂ ਮਾਰਕੇ ਚਾਕਰ ਬਣਾਉਣਾ ਚਾਹੁੰਦੇ ਹੋ। ਅੱਜ ਕੱਲ੍ਹ ਜੋ ਕੁਝ ਸਭਿਆਚਾਰ ਦੇ ਨਾਂ ’ਤੇ ਹੋ ਰਿਹੈ ਤੁਹਾਡੇ ਸਾਹਮਣੇ ਜ਼ਾਹਰ ਹੈ।

ਮੌਜੂਦਾ ਯੁਗ ਵਿਚ ਤਾਕਤਵਰ ਦੁਸ਼ਮਣ ਧਿਰਾਂ ਕਿਸੇ ਕੌਮ ਨੂੰ ਖ਼ਤਮ ਕਰਨ ਲਈ, ਉਨ੍ਹਾਂ ਦੇ ਰੂਹਾਨੀ ਆਦਰਸ਼ਾਂ ਨੂੰ ਤਬਾਹ ਕਰਨ ਲਈ, ਜਜ਼ਬਾਤੀ ਅਤੇ ਬਾਹਰੋਂ ਪਵਿੱਤਰ ਅਤੇ ਉੱਚੇ ਦਿਸਦੇ ਸੰਕਲਪ ਦੇ ਓਹਲੇ ਤਿਆਰ ਕਰਦੀਆਂ ਹਨ ਅਤੇ ਇਨ੍ਹਾਂ ਸੰਕਲਪਾਂ ਦੇ ਓਹਲੇ ਵਿਚ ਆਪਣੀਆਂ ਜ਼ਾਲਮ ਬਿਰਤੀਆਂ ਨੂੰ ਸਿਰੇ ਚੜ੍ਹਾਉਂਦੀਆਂ ਹਨ। ਭਾਈ ਸੁੱਖਾ ਅਤੇ ਭਾਈ ਜਿੰਦਾ ਨੇ ਆਪਣੀ ਸ਼ਹਾਦਤ ਰਾਹੀਂ ਸਿੱਖ ਕੌਮ ਨੂੰ ਦੇਸ਼-ਭਗਤੀ, ਧਰਮ-ਨਿਰਪੱਖਤਾ ਅਤੇ ਲੋਕਤੰਤਰ ਦੇ ਪਰਦਿਆਂ ਪਿੱਛੇ ਚਲਦੀ ਜ਼ੁਲਮ ਦੀ ਹਨ੍ਹੇਰੀ ਨੂੰ ਮਹਿਸੂਸ ਕਰਨ ਦਾ ਸੁਨੇਹਾ ਦਿੱਤਾ ਅਤੇ ਇਹ 1947 ਤੋਂ ਅੱਜ ਤੱਕ ਵੋਟਾਂ ਦੀ ਸਿਆਸਤ ਵਿਚ ਉਲਝੀ ਸਿੱਖ ਲੀਡਰਸ਼ਿਪ ਪ੍ਰਤੀ ਸਪੱਸ਼ਟ ਇਨਕਾਰ ਵੀ ਸੀ। ਉਨ੍ਹਾਂ ਦੀ ਸਭ ਤੋਂ ਤੀਬਰ ਇੱਛਾ ਸੀ ਕਿ ਪੰਥਕ ਧਿਰਾਂ ਇਕ ਖ਼ਾਲਸਈ ਨਿਸ਼ਾਨ ਸਾਹਿਬ ਥੱਲੇ ਇੱਕਠੀਆਂ ਹੋਣ। ਪੰਥ ਦੀ ਅਗਲੀ ਕਤਾਰ ਵਿਚ ਵਿਚਰਦੇ ਹਰ ਸ਼ਖ਼ਸ਼ ਲਈ ਉਨ੍ਹਾਂ ਨੇ ਇਹੋ ਬੇਨਤੀ ਕੀਤੀ ਸੀ। ਉਨ੍ਹਾਂ ਦੀ ਦੂਜੀ ਬਰਸੀ ’ਤੇ ਅੱਜ ਦੀ ਅਵਾਜ਼ ਅਖ਼ਬਾਰ ਵਿਚ ਇਹ ਸਤਰਾਂ ਛਪੀਆਂ ਸਨ - ਅੱਜ ਅਸੀਂ ਭਾਈ ਜਿੰਦਾ ਅਤੇ ਭਾਈ ਸੁੱਖਾ ਦੀ ਦੂਜੀ ਬਰਸੀ ’ਤੇ ਸ਼ਰਮਸਾਰ ਕਿਉਂ ਨਹੀਂ ? ਪਤਾ ਨਹੀਂ ਕਿਉਂ ਅਸੀਂ ਉਨ੍ਹਾਂ ਦੀ ਆਖਰੀ ਇੱਛਾ ਤੇ ਫੁੱਲ ਚੜ੍ਹਾ, ਸਿਰ ਜੋੜਕੇ ਬੈਠਣ ਤੋਂ ਵੀ ਇਨਕਾਰੀ ਹੋਏ

ਬੈਠੇ ਹਾਂ। ਇਹੋ ਤਾਂ ਇਕੋ-ਇਕ ਸ਼ਰਧਾਂਜਲੀ ਸੀ, ਜਿਹੜੀ ਅਸੀਂ ਨਹੀਂ ਦੇ ਸਕੇ। ਅਤੇ ਇਹ ਹਾਲਤ ਅੱਜ ਤੱਕ ਬਰਕਰਾਰ ਹੈ।

ਹੁਣ ਅਸੀਂ ਦੇਖਣਾ ਇਹ ਹੈ ਕਿ ਉਨ੍ਹਾਂ ਦੇ ਅਰੰਭੇ ਕਾਰਜ ਦੀ ਸਥਿਤੀ ਅੱਜ ਕੀ ਹੈ? ਉਨ੍ਹਾਂ ਨਾਲ ਅਸੀਂ ਆਪਣਾ ਰਿਸ਼ਤਾ ਕਿਹੋ ਜਿਹਾ ਸਮਝਦੇ ਹਾਂ ਅਤੇ ਨਿਭਾਇਆ ਕਿਸ ਤਰ੍ਹਾਂ ਹੈ? ਸਮੁੱਚੀ ਪੜਚੋਲ ਲਈ ਵੇਖਣਾ ਪਵੇਗਾ ਕਿ ਸੂਚਨਾਂ-ਸਾਧਨਾਂ ਅਤੇ ਵਿਦਵਾਨਾਂ ਨੇ ਕੀ ਯੋਗਦਾਨ ਪਾਇਆਂ? ਸਾਡੇ ਧਾਰਮਿਕ-ਰਾਜਸੀ ਲੀਡਰਾਂ ਨੇ ਕੀ-ਕੀ ਕੀਤਾ? ਨੌਜਵਾਨ ਵਰਗ ਨੇ ਸਮੁੱਚੇ ਸੰਘਰਸ਼ ਨੂੰ ਕਿਸ ਤਰ੍ਹਾਂ ਲਿਆ? ਸਮੁੱਚੇ ਲੋਕਾਂ (ਜਿੰਨ੍ਹਾਂ ਨੂੰ ਕੌਮ ਕਿਹਾ ਜਾਂਦਾ ਹੈ) ਦਾ ਕੀ ਰਵਈਆ ਰਿਹਾ? ਸਾਡੀ ਗੱਲਬਾਤ, ਸਾਡੀ ਪਹੁੰਚ, ਰੋਸੇ ਤੋਂ ਸ਼ੁਰੂ ਹੋ ਕੇ ਰੋਣੇ ਉੱਤੇ ਖ਼ਤਮ ਹੋ ਜਾਂਦੀ ਹੈ। ਅਸੀਂ ਆਮ ਤੌਰ ਤੇ ਡੇਰੇਦਾਰ ਬਾਬਿਆਂ, ਨੌਜਵਾਨ ਵਰਗ, ਸਰਕਾਰਾਂ ਅਤੇ ਆਪਣੇ ਆਗੂਆਂ ਨੂੰ ਕੋਸਦੇ ਹੋਏ ਜਾਂ ਤਾਂ ਇਤਿਹਾਸ ਵੱਲ ਝਾਕਣ ਲੱਗਦੇ ਹਾਂ ਜਾਂ ਫਿਰ ਪ੍ਰਮਾਤਮਾ 'ਤੇ ਡੋਰੀ ਛੱਡ ਦਿੰਦੇ ਹਾਂ। ਪਰ ਉਨ੍ਹਾਂ ਸ਼ਹੀਦਾਂ ਨੇ ਤਾਂ ਕਿਹਾ ਸੀ, ਸਾਡੀ ਕੌਮ ਨੂੰ ਆਖਣਾ ਕਿ ਉਦਾਸ ਨਾ ਹੋਵੇ, ਅਸੀਂ ਗੁਰੂ ਯਾਦ ਦੇ ਦਰਿਆ ਵਗਾ ਦਿੱਤੇ ਹਨ। ਸ਼ਾਇਦ ਇਸ ਧਰਤੀ ਅਤੇ ਸਾਡੇ ਸੀਨਿਆਂ ਵਿਚਲੇ ਦਰਿਆ ਵੀ ਸੁੱਕ ਰਹੇ ਹਨ ਜਿਸ ਕਰਕੇ ਕਿਸਾਨੀ ਅਤੇ ਜਵਾਨੀ ਦਾ ਮਾਰੂ ਨੁਕਸਾਨ ਹੋ ਰਿਹਾ ਹੈ।

ਅਸਲ ਵਿਚ ਇਹ ਸਾਡੀ ਪ੍ਰੇਰਨਾ ਸ੍ਰੋਤ ਦੀ ਪਛਾਣ ਅਤੇ ਵਿਚਾਰਧਾਰਕ ਸਪਸ਼ਟਤਾ ਦੀ ਘਾਟ ਹੈ, ਜਿਸ ਕਾਰਨ ਧਰਮ ਅਤੇ ਰਾਜਨੀਤੀ ਦੇ ਗੰਧਲੇ ਮਾਹੌਲ ਵਿਚ ਸਹੀ ਦਿਸ਼ਾ ਤੋਂ ਭਟਕ ਗਏ ਹਾਂ। ਜਦ ਕਿ ਸ਼ਹਾਦਤ ਦਾ ਸਭ ਤੋਂ ਵੱਡਾ ਸੁਨੇਹਾ ਹੀ ਸਹੀ ਦਿਸ਼ਾ ਦੀ ਨਿਸ਼ਾਨਦੇਹੀ ਕਰਨਾ ਹੁੰਦਾ ਹੈ ਅਤੇ ਇਸ ਨਿਸ਼ਾਨਦੇਹੀ ਲਈ ਨੌਜਵਾਨ ਵਰਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਅੱਗੇ ਆਉਂਣਾ ਪਵੇਗਾ ਕਿਉਂਕਿ ਅਜੇ ਸ਼ਹੀਦਾਂ ਦੀ ਅੰਤਮ ਇੱਛਾ ਵਜੋਂ ਪੰਥਕ ਏਕਤਾ ਅਤੇ ਵਿਰਸੇ ਦੀ ਸੰਭਾਲ ਦਾ ਕਾਰਜ ਅਧੂਰਾ ਪਿਆ ਹੈ, ਇਕ ਦਹਾਕੇ ਮਗਰੋਂ ਵੀ....

ਵੱਲੋਂ:

# ਐਡਹਾਕ ਕਮੇਟੀ

# ਸਿੱਖ ਸਟੂਡੈਂਟਸ ਫੈਡਰੇਸ਼ਨ

*(ਇਹ ਦਸਤਾਵੇਜ਼ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ 9 ਅਕਤੂਬਰ, 2002 ਨੂੰ ਪਿੰਡ ਗਦਲੀ ਵਿਖੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਸਾਲਾਨਾ ਸ਼ਹੀਦੀ ਸਮਾਗਮ ਮੌਕੇ ਵੰਡਿਆ ਗਿਆ)*